# ਦਫ਼ਤਰ ਮਿਊਂਸਪਲ ਕੌਂਸਲ, ਜ਼ੀਰਕਪੁਰ (ਅਜੀਤਗੜ੍ਹ)

ਨੰਬਰ 8483 ਮਿਤੀ 31/8/16

ਸ੍ਰੀ SBL Builders Pvt. Ltd.

ਪੁੱਤਰ ਸ੍ਰੀ Project: SUSHMA GRANDE NXT

ਪਤਾ Village Gazipur, Zirakpur

## ਵਿਸ਼ਾ :- ਇਮਾਰਤ ਦੀ ਉਸਾਰੀ ਦੀ ਪ੍ਰਵਾਨਗੀ ।

ਆਪ ਦਾ ਨਕਸ਼ਾ ਨੰਬਰ .................... ਮਿਤੀ .................... ਜੋ ਵਾਕਿਆ .................... .................... ਦਾ ਉਸਾਰੀ ਦਾ ਸੀ ਦੇ ਸਬੰਧ ਵਿਚ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਪ ਦੀ ਬਿਲਡਿੰਗ ਉਸਾਰੀ ਦੀ ਪ੍ਰਵਾਨਗੀ ਮਿਊਂਸਪਲ ਕੌਂਸਲ ਜ਼ੀਰਕਪੁਰ ਵੱਲੋਂ ਨਿਮਨ ਲਿਖਿਤ ਅਧਾਰ ਤੇ ਪ੍ਰਵਾਨ ਕਰ ਲਿਆ ਹੈ :-

1. ਆਪਣੀ ਮਲਕੀਅਤ ਜਗ੍ਹਾ ਦੇ ਪ੍ਰਵਾਨ ਨੱਕਸ਼ੇ ਅਨੁਸਾਰ ਉਸਾਰੀ ਕਰੋਗੇ ਅਤੇ ਮਿਊਂਸਪਲ ਕੌਂਸਲ ਦੇ ਬਿਲਡਿੰਗ ਬਾਈਲਾਜ ਦੀ ਉਲੰਘਣਾ ਨਹੀਂ ਕਰੋਗੇ ।
2. ਆਪਣੇ ਨੱਕਸ਼ੇ ਵਿਚ ਦੱਸੀ ਜਗ੍ਹਾ ਦੀ ਮਲਕੀਅਤ ਦਾ ਕੋਈ ਝਗੜਾ ਪੈਦਾ ਹੋਇਆ ਅਤੇ ਉਸ ਥਾਂ ਪਰ ਮਿਊਂਸਪਲ ਕੌਂਸਲ ਜ਼ੀਰਕਪੁਰ ਜਾਂ ਸਰਕਾਰ ਦਾ ਕਬਜਾ ਸਾਬਤ ਹੋਇਆ ਤਾਂ ਉਸਦੀ ਸਾਰੀ ਜੁੰਮੇਵਾਰੀ ਆਪ ਦੀ ਹੋਵੇਗੀ ਅਤੇ ਜਗ੍ਹਾ ਬਿਨਾਂ ਮੁਆਵਜਾ ਦਿੱਤੇ ਖਾਲੀ ਕਰਨੀ ਪਵੇਗੀ । ਇਹ ਮੰਨਜੂਰੀ ਕੇਵਲ ਪੰਜਾਬ ਮਿਊਂਸਪਲ ਐਕਟ, 1911 ਦੀ ਧਾਰਾ 189 ਅਧੀਨ ਹੈ ਅਤੇ ਜ਼ਮੀਨ ਦੀ ਮਲਕੀਅਤ ਸਬੰਧੀ ਮੁੱਖ ਅਧਿਕਾਰਾਂ ਤੇ ਇਸ ਦਾ ਕੋਈ ਅਸਰ ਨਹੀਂ ਹੋਵੇਗਾ ।
3. ਕੰਮ ਸ਼ੁਰੂ ਕਰਨ ਤੋਂ ਪਹਿਲਾ ਨਿਸ਼ਾਨ ਦੇਹੀ ਮਿਊਂਸਪਲ ਕੌਂਸਲ ਜ਼ੀਰਕਪੁਰ ਦੇ ਅਧਿਕਾਰੀ/ਕਰਮਚਾਰੀ ਦੀ ਹਾਜਰੀ ਵਿਚ ਲਈ ਜਾਵੇ ਅਤੇ ਉਸਾਰੀ ਦੇ ਸਮੇਂ ਪ੍ਰਵਾਨ ਕੀਤੇ ਗਏ ਨਕਸ਼ੇ ਦੀ ਕਾਪੀ ਮੌਕੇ ਤੇ ਮੌਜੂਦ ਰੱਖੀ ਜਾਵੇ ਅਤੇ ਮਿਊਂਸਪਲ ਕੌਂਸਲ ਦੇ ਕਿਸੇ ਵੀ ਅਧਿਕਾਰੀ ਵੱਲੋਂ ਮੌਕੇ ਤੇ ਇਹ ਚੈਕ ਕੀਤੀ ਜਾ ਸਕਦੀ ਹੈ ।
4. ਬਿਲਡਿੰਗ ਅਤੇ ਸਾਇਟ ਪਲਾਨ ਦੀ ਇਕ ਕਾਪੀ ਪ੍ਰਵਾਨਤ ਕਾਪੀ ਨਾਲ ਭੇਜੀ ਜਾਂਦੀ ਹੈ ਮੰਨਜੂਰੀ ਦੀ ਮਿਆਦ ਕੇਵਲ ਇਕ ਸਾਲ ਹੈ । ਜੇਕਰ ਮੰਨਜੂਰੀ ਤੋਂ ਇਕ ਸਾਲ ਦੇ ਅੰਦਰ ਉਸਾਰੀ ਨਹੀਂ ਕੀਤੀ ਜਾਂਦੀ ਤਾਂ ਮੰਨਜੂਰੀ ਬਿਨਾਂ ਨੋਟਿਸ ਤੋਂ ਰੱਦ ਹੋ ਜਾਵੇਗੀ ।
5. ਮਕਾਨ ਦੀ ਉਸਾਰੀ ਸ਼ੁਰੂ ਕਰਨ ਦੀ ਲਿਖਤੀ ਸੂਚਨਾ ਫਾਰਮ - ਸ ਉਪਰ ਦੇਣੀ ਅਤਿ ਜ਼ਰੂਰੀ ਹੈ ।
6. ਬਿਨੈਕਾਰ ਵੱਲੋਂ ਉਸਾਰੀ ਕਰਦੇ ਸਮੇਂ ਇਮਾਰਤ ਉੱਤੇ ਇਕ ਬੋਰਡ ਲਗਾਇਆ ਜਾਵੇਗਾ ਜਿਸ ਤੇ ਇਮਾਰਤ ਦਾ ਪਲਾਟ ਨੰਬਰ, ਮਾਲਕ ਦਾ ਨਾਮ ਅਤੇ ਉਸਾਰੀ ਦੀ ਸੁਪਰਵੀਜ਼ਨ ਕਰਨ ਵਾਲੇ ਆਰਕੀਟੈਕਟ/ਇੰਜਨੀਅਰ/ਡਰਾਫਟਸਮੈਨ/ਸਰਵੇਅਰ ਦਾ ਨਾਮ ਲਿਖਿਆ ਹੋਵੇ ।
7. ਬਿਨੈਕਾਰ ਵੱਲੋਂ ਉਸਾਰੀ ਸਮੇਂ ਨੀਹਾਂ ਪੁੱਟਦੇ, ਨੀਹਾਂ ਭਰਨ, ਪਲਿੰਥ ਬਣਾਉਣ, ਪਹਿਲੀ ਮੰਜ਼ਿਲ ਅਤੇ ਹੋਰ ਮੰਜ਼ਿਲ ਉਸਾਰਨ ਅਤੇ ਇਮਾਰਤ ਦੀ ਉਸਾਰੀ ਮੁਕੰਮਲ ਹੋਣ ਅਤੇ ਰਿਹਾਇਸ਼ ਕਰਨ ਸਬੰਧੀ ਸਮੇਂ ਸਮੇਂ ਸਿਰ ਸਰਟੀਫਿਕੇਟ ਉਸ ਅਧਿਕਾਰੀ ਤੋਂ ਦਿਵਾਇਆ ਜਾਵੇਗਾ ਜਿਸ ਵੱਲੋਂ ਉਸ ਦੀ ਇਮਾਰਤ ਦੀ ਉਸਾਰੀ ਦੀ ਸੁਪਰਵੀਜ਼ਨ ਕੀਤੀ ਜਾ ਰਹੀ ਹੈ ਅਤੇ ਇਹ ਸਰਟੀਫਿਕੇਟ ਮਿਊਂਸਪਲ ਕੌਂਸਲ ਜ਼ੀਰਕਪੁਰ ਵੱਲੋਂ ਤਸਦੀਕ ਕਰਨ ਤੇ ਗੱਲਤ ਪਾਏ ਜਾਣ ਦੀ ਸੂਰਤ ਵਿਚ ਬਿਨੈਕਾਰ ਨੂੰ ਦਿੱਤੀ ਗਈ ਪ੍ਰਵਾਨਗੀ ਰੱਦ ਸਮਝੀ ਜਾਵੇਗੀ ।
8. ਬਿਨੈਕਾਰ ਮਿਊਂਸਪਲ ਕੌਂਸਲ ਤੋਂ ਬਿਨਾਂ ਆਕੂਪੇਸ਼ਨ ਸਰਟੀਫਿਕੇਟ ਲਿਆ ਬਿਲਡਿੰਗ ਦੀ ਵਰਤੋਂ ਨਹੀਂ ਕਰ ਸਕੇਗਾ ।
9. ਬਿਨੈਕਾਰ ਨੂੰ ਜੇਕਰ ਮਿਊਂਸਪਲ ਕੌਂਸਲ ਜ਼ੀਰਕਪੁਰ ਤੋਂ ਇਲਾਵਾ ਉਸਾਰੀ ਲਈ ਕਿਸੇ ਹੋਰ ਵਿਭਾਗ ਜਾਂ ਅਦਾਰੇ ਤੋਂ ਮੰਨਜੂਰੀ ਲੈਣ ਦੀ ਲੋੜ ਹੋਵੇ ਤਾਂ ਉਸ ਨੂੰ ਲੈਣ ਦੀ ਜੁੰਮੇਵਾਰੀ ਬਿਨੈਕਾਰ ਦੀ ਆਪਣੀ ਹੋਵੇਗੀ ।

## ਜ਼ਰੂਰੀ ਨੋਟ :-

ਆਪ ਵੱਲੋਂ ਪ੍ਰਵਾਨ ਕੀਤੇ ਨਕਸ਼ੇ ਦੀ ਉਲੰਘਣਾ ਕਰਨ/ਬਿਲਡਿੰਗ ਬਾਈਲਾਜ ਦੀ ਉਲੰਘਣਾ ਕਰਨ ਜਾਂ ਮਿਊਂਸਪਲ ਕੌਂਸਲ ਜ਼ੀਰਕਪੁਰ ਨੂੰ ਗਲਤ ਜਾਣਕਾਰੀ ਦੇ ਕੇ ਨਕਸ਼ਾ ਪਾਸ ਕਰਵਾ ਲੈਣ ਦੀ ਸੂਰਤ ਵਿਚ ਬਿਨਾਂ ਕੋਈ ਨੋਟਿਸ ਦਿੱਤੇ ਆਪ ਦੀ ਇਹ ਮੰਨਜੂਰੀ ਰੱਦ ਕਰਨ ਦਾ ਅਧਿਕਾਰ ਨਗਰ ਕੌਂਸਲ ਨੂੰ ਹੈ ਅਤੇ ਬਿਨੈਕਾਰ ਨਗਰ ਕੌਂਸਲ ਤੋਂ ਕੋਈ ਮੁਆਵਜ਼ਾ ਨਹੀਂ ਵਸੂਲ ਸਕਦਾ।

ਮਿਊਂਸਪਲ ਕੌਂਸਲ ਜ਼ੀਰਕਪੁਰ ਦੀ ਜਗ੍ਹਾ/ਸੜਕ ਉਤੇ ਕਿਸੇ ਪ੍ਰਕਾਰ ਦੀ ਇਨਕਰੋਚਮੈਂਟ ਕਰਨ ਦੀ ਪ੍ਰਵਾਨਗੀ ਨਹੀਂ ਹੈ। ਇਨਕਰੋਚਮੈਂਟ ਕਰਨ ਅਤੇ ਬਿਲਡਿੰਗ ਬਾਈਲਾਜ ਦੀ ਉਲੰਘਣਾ ਕਰਨ ਗਲਤ ਬਿਆਨੀ ਦੀ ਸੂਰਤ ਵਿਚ ਨਾ ਕੇਵਲ ਪੰਜਾਬ ਮਿਊਂਸਪਲ ਐਕਟ ਅਨੁਸਾਰ ਕਾਰਵਾਈ ਕੀਤੀ ਜਾਵੇ। ਬਲਕਿ ਧਾਰਾ ਦੀ ਨਿਅਮਾਂ ਅਧੀਨ ਬਣਦੀ ਕਾਰਵਾਈ ਕੀਤੀ ਜਾਵੇਗੀ, ਜਿਸ ਦੇ ਹਰਜੇ ਵ ਖਰਚੇ ਦਾ ਬਿਨੈਕਾਰ ਖੁਦ ਜੁੰਮੇਵਾਰ ਹੋਵੇਗਾ।

ਕਾਰਜ ਸਾਧਕ ਅਫਸਰ
ਮਿਊਂਸਪਲ ਕੌਂਸਲ, ਜ਼ੀਰਕਪੁਰ

ਪਿਠ ਅੰਕਣ ਨੰਬਰ ........................................ ਮਿਤੀ ..........................

1. ਇਸ ਦਾ ਇਕ ਉਤਾਰਾ ਸ੍ਰੀ .......................................................................................... ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਕਿਉਂ ਉਕਤ ਨਕਸ਼ਾ ਆਪ ਵੱਲੋਂ ਤਿਆਰ ਕਰਕੇ ਪੇਸ਼ ਕੀਤਾ ਗਿਆ ਹੈ ਅਤੇ ਬਿਲਡਿੰਗ ਬਾਇਲਾਜ ਅਨੁਸਾਰ ਇਸ ਬਿਲਡਿੰਗ ਦੀ ਉਸਾਰੀ ਦੀ ਨਿਗਰਾਨੀ ਆਪ ਵੱਲੋਂ ਕੀਤੀ ਜਾਣੀ ਹੈ। ਇਸ ਲਈ ਰੂਲਜ਼ ਅਨੁਸਾਰ ਇਸ ਇਮਾਰਤ ਦੀ ਉਸਾਰੀ ਸਬੰਧੀ ਸਮੇਂ -ਸਮੇਂ ਸਿਰ ਲੋੜੀਂਦੇ ਸਰਟੀਫਿਕੇਟ ਮਿਊਂਸਪਲ ਕੌਂਸਲ ਦੀ ਬਿਲਡਿੰਗ ਸ਼ਾਖਾ ਵਿਚ ਦਿੱਤੇ ਜਾਣ ਅਤੇ ਅਜਿਹਾ ਨਾ ਕਰਨ ਦੀ ਸੂਰਤ ਵਿਚ ਅਤੇ ਸਹੀ ਤੱਤ ਦਫਤਰ ਨੂੰ ਨਾ ਦੇਣ ਦੀ ਸੂਰਤ ਵਿਚ ਆਪ ਦੇ ਵਿਰੁੱਧ ਵੀ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

2. ਇਸ ਦਾ ਇਕ ਉਤਾਰਾ ਏ.ਟੀ.ਪੀ. / ਬਿਲਡਿੰਗ ਇੰਸਪੈਕਟਰ / ਡਰਾਫਟਸਮੈਨ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਹ ਉਕਤ ਦਰਸਾਈਆਂ ਗਈਆਂ ਸ਼ਰਤਾਂ ਦੀ ਪਾਲਣਾ ਕਰਵਾਉਣ ਲਈ ਕਾਰਵਾਈ ਕਰੇ।

ਕਾਰਜ ਸਾਧਕ ਅਫਸਰ
ਮਿਊਂਸਪਲ ਕੌਂਸਲ, ਜ਼ੀਰਕਪੁਰ